ਈ-ਕਾਊਂਸਲਿੰਗ ਸੈਨਿਕ ਸਕੂਲਾਂ ਵਿੱਚ ਪ੍ਰਵੇਸ਼ ਪ੍ਰਕ੍ਰਿਆ ਨੂੰ ਪਾਰਦਰਸ਼ੀ ਅਤੇ ਤੇਜ ਬਣਾਉਣ ਅਤੇ ਸਾਰੇ ਹਿੱਸੇਦਾਰਾਂ ਨੂੰ ਪ੍ਰਵੇਸ਼ ਸਬੰਧੀ ਜਾਣਕਾਰੀ ਉਪਲੱਬਧ ਕਰਾਉਣ ਲਈ ਚੁੱਕਿਆ ਗਿਆ ਕਦਮ ਹੈ। ਕ੍ਰਿਪਾ ਕਰਕੇ ਨੋਟ ਕਰੋ ਕਿ NTA ਪੋਰਟਲ 'ਤੇ AISSEE 2023 ਰਜਿਸਟ੍ਰੇਸ਼ਨ ਦੌਰਾਨ ਉਮੀਦਵਾਰਾਂ ਦੁਆਰਾ ਭਰੀਆਂ ਗਈਆਂ ਚੋਣਾਂ/ਵਿਕਲਪਾਂ ਨੂੰ ਯੋਗਤਾ ਪ੍ਰਾਪਤ ਸਫਲ ਉਮੀਦਵਾਰਾਂ ਨੂੰ ਸਕੂਲ ਦੀ ਵੰਡ ਲਈ ਵਿਚਾਰਿਆ ਜਾਵੇਗਾ ਅਤੇ ਇਹ ਰਾਊਂਡ 1 ਵਿੱਚ ਉਮੀਦਵਾਰ ਦੀ ਪਹਿਲੀ ਪਸੰਦ ਵੱਜੋਂ ਪਹਿਲਾਂ ਤੋਂ ਭਰਿਆ ਹੋਵੇਗਾ।

ਦਾਖਲੇ ਦੀ ਪ੍ਰਣਾਲੀ ਨੂੰ ਸਵੈਚਾਲਤ ਕਰਨ ਲਈ ਈ-ਕਾਊਂਸਲਿੰਗ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਗ੍ਰਹਿ ਰਾਜ ਅਤੇ ਦੂਜੇ ਰਾਜਾਂ ਦੇ ਉਮੀਦਵਾਰਾਂ ਲਈ ਰਾਂਖਵੀਆਂ ਸੀਟਾਂ ਦੀ ਗਿਣਤੀ ਵਿੱਚ ਕੋਈ ਬਦਲਾਵ ਨਹੀਂ ਕੀਤਾ ਗਿਆ ਹੈ। ਇਸਦੇ ਨਾਲ ਹੀ SC/ST/OBC ਸ਼੍ਰੇਣੀ ਅਤੇ ਡਿਫੈਂਸ ਲਈ ਰਾਖਵੀਆਂ ਸੀਟਾ ਵਿੱਚ ਵੀ ਕੋਈ ਬਦਲਾਵ ਨਹੀਂ ਹੈ।

ਇਸ ਤੋਂ ਪਹਿਲਾਂ ਸੂਚੀ ਸਿਰਫ ਇੱਕ ਵਾਰ ਹੀ ਕੱਢੀ ਜਾਂਦੀ ਸੀ ਅਤੇ ਇਹ ਹਰ ਸਕੂਲ਼ ਦੁਆਰਾ ਹੱਥੀ ਤਿਆਰ ਕੀਤੀ ਜਾਂਦੀ ਸੀ।ਉਮੀਦਵਾਰਾਂ/ਮਾਪਿਆਂ ਕੋਲ ਹਰੇਕ ਸਕੂਲ਼ ਵਿੱਚ ਖਾਲੀ ਸੀਟਾਂ ਦੀ ਗਿਣਤੀ ਦਾ ਪਤਾ ਲਗਾਉਣ ਦਾ ਕੋਈ ਸਾਧਨ ਨਹੀਂ ਸੀ।ਜਦਕਿ ਈ-ਕਾਊਂਸਲਿੰਗ ਦੇ ਨਾਲ ਜਾਣਕਾਰੀ ਪੋਰਟਲ 'ਤੇ ਉਪਲੱਬਧ ਕਰਵਾਈ ਜਾਵੇਗੀ। ਉਮੀਦਵਾਰਾਂ ਨੂੰ ਹਰੇਕ ਰਾਊਂਡ ਤੋਂ ਪਹਿਲਾਂ ਹਰੇਕ ਸਕੂਲ ਵਿੱਚ ਉਪਲੱਬਧ ਸੀਟਾਂ ਦੀ ਗਿਣਤੀ ਬਾਰੇ ਪਤਾ ਹੋਵੇਗਾ ਅਤੇ ਇਹ ਉਹਨਾਂ ਨੂੰ ਉਨਾਂ ਸਕੂਲਾਂ ਵਿੱਚ ਦਾਖਲਾਂ ਲੈਣ ਦਾ ਮੌਕਾ ਪ੍ਰਦਾਨ ਕਰੇਗਾ ਜਿੱਥੇ ਇੱਕ ਵਿਸ਼ੇਸ਼ ਸ਼੍ਰੇਣੀ ਵਿੱਚ ਸੀਟਾਂ ਉਪਲੱਬਧ ਹਨ।ਸਾਰੇ ਉਮੀਦਵਾਰਾਂ ਨੂੰ AISSEE 2023 ਲਈ ਰਜਿਸਟਰ ਕਰਨ ਵੇਲੇ ਪਹਿਲਾਂ ਹੀ ਵਰਤੀ ਗਈ ਚੋਣ ਅਨੁਸਾਰ ਗ੍ਰਹਿ ਰਾਜ/ ਦੂਜੇ ਰਾਜ / ਰੱਖਿਆ / ਸ਼੍ਰੇਣੀਆਂ ਜਿਵੇਂ ਕਿ SC/ST/OBC ਲਈ ਯੋਗਤਾ ਅਤੇ ਉਪਲੱਬਧ ਸੀਟਾਂ ਦੀ ਗਿਣਤੀ ਦੇ ਅਧਾਰ 'ਤੇ ਦਾਖਲਾ ਲੈਣ ਦਾ ਬਰਾਬਰ ਮੌਕਾ ਹੋਵੇਗਾ।ਇਹ ਰਾਊਂਡ ਇੱਕ ਵਿੱਚ ਮੂਲ ਰੂਪ ਵਿੱਚ ਪਹਿਲੀ ਚੋਣ ਦੇ ਰੂਪ ਵਿੱਚ ਹੋਵੇਗਾ।